# ਔਰਤ ਨੂੰ ਮਰਦ ਦੇ ਬਰਾਬਰ ਹੱਕ

ਹਰਪਾਲ ਸਿੰਘ ਪੰਨੂੰ




ਸਿੰਘ ਸਾਹਿਬ ਜਥੇਦਾਰ ਜੋਗਿੰਦਰ ਸਿੰਘ ਜੀ ਦਾ ਬਿਆਨ ਪੜ੍ਹਿਆ ਕਿ ਦਰਬਾਰ ਸਾਹਿਬ ਵਿਚ ਸ੍ਰੀ ਗੁਰੂ ਮਹਾਰਾਜ ਦੇ ਪ੍ਰਕਾਸ਼ਨ ਅਤੇ ਸੁਖਆਸਨ ਦੀ ਰਸਮ ਵਕਤ ਸਿੱਖ ਬੀਬੀਆਂ ਨੂੰ ਵੀ ਮਰਦਾਂ ਵਾਂਗ ਸੇਵਾ ਵਿਚ ਸ਼ਾਮਿਲ ਹੋਣ ਦਾ ਅਧਿਕਾਰ ਮਿਲਣਾ ਚਾਹੀਦਾ ਹੈ ਅਤੇ ਬੀਬੀਆਂ ਨੂੰ ਵੀ ਦਰਬਾਰ ਸਾਹਿਬ ਵਿਚ ਕੀਰਤਨ ਕਰਨ ਦਾ ਹੱਕ ਮਿਲਣਾ ਚਾਹੀਦਾ ਹੈ। ਇਸ ਬਿਆਨ ਦੇ ਛਪਣ ਪਿਛੋਂ ਦੇਸ਼-ਵਿਦੇਸ਼ ਤੋਂ ਕਈ ਫੋਨ ਆਏ ਜਿਨ੍ਹਾਂ ਰਾਹੀਂ ਮੈਨੂੰ ਪੁਛਿਆ ਗਿਆ ਕਿ ਕੀ ਅਜਿਹੀ ਆਗਿਆ ਉਥੇ ਪਹਿਲੋਂ ਨਹੀਂ ਹੈ? ਅਜਿਹਾ ਵਿਤਕਰਾ, ਉਹ ਵੀ ਦਰਬਾਰ ਸਾਹਿਬ ਵਿਚ ਹੋ ਰਿਹਾ ਹੋਵੇ, ਇਸ ਬਾਰੇ ਵਧੀਕ ਸਿੱਖਾਂ ਅਤੇ ਗੈਰ ਸਿੱਖਾਂ ਨੂੰ ਪਤਾ ਨਹੀਂ ਹੈ। ਚੰਗਾ ਹੈ ਜੇ ਮਾੜੀਆਂ ਗੱਲਾਂ ਦਾ ਪਤਾ ਘੱਟ ਬੰਦਿਆਂ ਨੂੰ ਲੱਗੇ ਤੇ ਬੇ-ਇੱਜ਼ਤੀ ਸੀਮਿਤ ਰਹੇ। ਪਰ ਮੈਨੂੰ ਇਸ ਮਾੜੀ ਪ੍ਰਥਾ ਦਾ ਬਚਪਨ ਤੋਂ ਪਤਾ ਹੈ। ਲਾਹਨਤ ਹੈ ਮੇਰੇ ਉਪਰ।

ਅਗਲੇ ਦਿਨ ਦੂਜਾ ਬਿਆਨ ਬੀਬੀ ਜਗੀਰ ਕੌਰ ਦਾ ਆਇਆ ਜਿਸ ਵਿਚ ਉਨ੍ਹਾਂ ਨੇ ਐਲਾਨ ਕੀਤਾ ਕਿ ਸੇਵਾ ਕਰਨ ਦੀ ਬਰਾਬਰੀ ਦਾ ਅਧਿਕਾਰ ਹਾਸਲ ਕਰਨ ਲਈ ਬੀਬੀਆਂ ਦਾ ਪਹਿਲਾ ਜੱਥਾ ਉਹ ਖੁਦ ਲੈ ਕੇ ਜਾਣਗੇ। ਕਿ ਉਹ ਜਥੇ ਦੀ ਅਗਵਾਈ ਕਰਨਗੇ। ਗੱਲ-ਗੱਲ ਵਿਚ ਸਿਆਸਤ, ਗੱਲ ਗੱਲ ਵਿਚ ਅਗਵਾਈ। ਪੂਰੀ ਅਵਧੀ ਬੀਬੀ ਜਗੀਰ ਕੌਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਰਹੇ, ਉਦੋਂ ਵੀ ਇਹ ਵਿਤਕਰਾ ਜਾਰੀ ਰਿਹਾ। ਹੁਣ ਜੋ ਬੀਬੀ ਜੀ ਅਗਵਾਈ ਕਰਨ ਲਈ ਤਤਪਰ ਹਨ, ਉਦੋਂ ਜਦੋਂ ਪ੍ਰਧਾਨ ਸਨ ਤਦ ਇਹ ਵਿਤਕਰਾ ਇਕ ਆਰਡਰ ਜਾਰੀ ਕਰਕੇ ਕਿਉਂ ਨਹੀਂ ਖ਼ਤਮ ਕਰਵਾਇਆ? ਇਹ ਗੱਲ ਤਾਂ ਕੋਈ ਮੰਨੇਗਾ ਨਹੀਂ ਕਿ ਬੀਬੀ ਜੀ ਨੂੰ ਪਹਿਲੋਂ ਪਤਾ ਨਹੀਂ ਸੀ ਤੇ ਸਿੰਘ ਸਾਹਿਬ ਦਾ ਬਿਆਨ ਪੜ੍ਹਕੇ ਬੀਬੀਆਂ ਨਾਲ ਹੁੰਦੇ ਅਨਿਆਂ ਦੀ ਜਾਣਕਾਰੀ ਮਿਲੀ। ਸੱਪ ਲੰਘ ਜਾਂਦਾ ਹੈ ਤਦ ਨੇਤਾ ਲੋਕ ਲਕੀਰ ਉਪਰ ਖੂਬ ਡਾਂਗਾਂ ਬਰਸਾਉਂਦੇ ਹਨ। ਲਕੀਰ ਨੂੰ ਕੁੱਟਣ ਦਾ ਬੜਾ ਫਾਇਦਾ ਹੁੰਦਾ ਹੈ। ਇਕ ਤਾਂ ਸੱਪ ਬਚ ਗਿਆ ਸੋ ਜੀਵ ਹੱਤਿਆ ਦਾ ਪਾਪ ਨਾ ਲੱਗਾ। ਦੂਜਾ ਇਹ ਕਿ ਤੁਰੇ ਜਾਂਦੇ ਸੱਪ ਵੱਲ ਡਾਂਗ ਉਲਾਰੀ ਜਾਵੇ ਤਦ ਬਾਬਾ ਮਿਹਰ ਵੀ ਕਰ ਸਕਦਾ ਹੈ, ਡਾਂਗਮੈਨ ਦੀ ਚਮੜੀ ਹੇਠ ਪਚਕਾਰੀ ਮਾਰ ਸਕਦਾ ਹੈ। ਸੋ ਬਚਾਉ ਵਿਚ ਹੀ ਬਚਾਉ ਹੈ। ਸੱਪ ਵੀ ਬਚੇ ਤੇ ਸੋਟੀ ਵੀ। ਇੱਜ਼ਤ ਵੀ ਬਚੇ ਤੇ ਇੱਜ਼ਤਦਾਰ ਬੰਦਾ ਵੀ ਬਚਿਆ ਰਹੇ, ਇਹੀ ਨੀਤੀ ਹੈ। ਮਨੁੱਖਾ ਜਨਮ ਦੁਬਾਰਾ ਤਾਂ ਮਿਲੇਗਾ ਨਹੀਂ। ਫਿਰ ਕਿਉਂ ਖਾਹਮਖਾਹ ਇਕ ਜੂਨ ਖਰਾਬ ਕਰ ਲਈ ਜਾਏ? ਇਹੋ ਜਿਹੀ ਕਲਾ ਖੇਡੋ ਕਿ ਪੋਤਰੇ ਦੋਹਤਰੇ ਕਈ ਪੀੜ੍ਹੀਆਂ ਨਿਹਾਲ ਹੋ ਜਾਣ। ਇਕ ਦਿਨ ਬੱਚਿਆਂ ਦੀ ਮਹਿਫ਼ਲ ਵਿਚ ਮੈਂ ਕਹਿ ਬੈਠਾ, "ਅੰਨ੍ਹਾ ਵੰਡੇ ਰਿਉੜੀਆਂ, ਮੁੜ-ਮੁੜ ਘਰਦਿਆਂ ਨੂੰ।" ਇਕ ਬੱਚਾ ਕਹਿਣ ਲੱਗਾ, 'ਅੰਕਲ, ਫਿਰ ਉਹ ਬੰਦਾ ਅੰਨ੍ਹਾਂ ਕਿਵੇਂ ਹੋਇਆ ਜਿਸਨੂੰ ਘਰਦਿਆਂ ਦੀ ਪਛਾਣ ਹੋਵੇ?"

ਗੱਲ ਹੋਰ ਪਾਸੇ ਜਾਣ ਤੋਂ ਰੋਕ ਕੇ ਦੇਖਣਾ ਇਹ ਬਣਦਾ ਹੈ ਕਿ ਸਿੱਖ ਬੀਬੀਆਂ ਨੂੰ ਸੇਵਾ ਕਰਨ ਤੋਂ ਮਨ੍ਹਾਂ ਕਿਸਨੇ ਕੀਤਾ ਤੇ ਕਿਉਂ ਕੀਤਾ? ਗੁਰੂ ਕਾਲ ਵਿਚ ਅਜਿਹੇ ਵਿਤਕਰੇ ਦਾ ਸਵਾਲ ਨਹੀਂ ਪੈਦਾ ਹੁੰਦਾ ਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜਕਾਲ ਵਿਚ ਵੀ ਕਿਤੇ ਪੱਖਪਾਤ ਮਰਦ ਔਰਤ ਵਿਚਕਾਰ ਦੇਖਣ ਵਿਚ ਨਹੀਂ ਆਇਆ, ਜਿਥੋਂ ਤਕ ਸੇਵਾ ਕਰਨ ਦਾ ਮਸਲਾ ਹੈ। ਅੰਗਰੇਜ਼ੀ ਰਾਜ ਵੇਲੇ ਡੇਰਾਵਾਦ, ਮਹੰਤਵਾਦ ਨੂੰ ਹੱਲਾਸ਼ੇਰੀ ਮਿਲੀ। ਮਹੰਤ ਪੂਰੀ ਤਰ੍ਹਾਂ ਭ੍ਰਿਸ਼ਟ ਦੁਰਾਚਾਰੀ ਹੋ ਗਏ। ਇਤਿਹਾਸ ਦੇ ਜਾਣਕਾਰਾਂ ਨੂੰ ਪਤਾ ਹੈ ਕਿ ਤਰਨਤਾਰਨ ਦੇ ਪਵਿੱਤਰ ਇਤਿਹਾਸਕ ਦਰਬਾਰ ਸਾਹਿਬ ਵਿਚ ਮਹੰਤ ਚਿਲਮ ਪੀਂਦੇ ਸਨ ਤੇ ਸ਼ਰਾਬ ਵਰਤਦੀ ਸੀ। ਕੜਾਹ-ਪ੍ਰਸ਼ਾਦਿ ਠੇਕੇ 'ਤੇ ਬਣਦਾ ਸੀ ਤੇ ਠੇਕੇਦਾਰ ਹਲਵਾਈ ਦੇ ਇਕ ਹੱਥ ਵਿਚ ਬੀੜੀ ਦੂਜੇ ਵਿਚ ਖੁਰਚਣਾ ਫੜਿਆ ਹੁੰਦਾ ਸੀ। ਮੱਸਿਆ ਦਾ ਮੇਲਾ ਬੜਾ ਭਰਦਾ ਸੀ ਤੇ ਇਸ ਮੇਲੇ ਵਿਚ ਔਰਤਾਂ ਨਾਲ ਛੇੜਛਾੜ ਤਾਂ ਆਮ ਗੱਲ ਹੈ ਹੀ ਸੀ ਉਧਾਲੇ ਹੋ ਜਾਂਦੇ ਸਨ। ਬਲਾਤਕਾਰਾਂ ਵਿਚ ਅਕਸਰ ਮਹੰਤਾਂ ਦੀ ਸ਼ਮੂਲੀਅਤ ਹੁੰਦੀ ਸੀ। ਇਹੋ ਜਿਹੇ ਦਿਨਾਂ ਵਿਚ ਔਰਤਾਂ ਦਿਨ-ਦਿਹਾੜੇ ਗੁਰਦਵਾਰਿਆਂ ਵਿਚ ਜਾਣ ਤੋਂ ਤ੍ਰਹਿੰਦੀਆਂ ਸਨ, ਰਾਤਾਂ ਨੂੰ ਸੁਖਆਸਨ ਜਾਂ ਪ੍ਰਕਾਸ਼ ਦੀਆਂ ਚੌਂਕੀਆਂ ਵਿਚ ਸ਼ਾਮਲ ਹੋਣ ਦੀ ਗੱਲ ਤਾਂ ਹੈ ਹੀ ਦੂਰ ਦੀ ਕਹਾਣੀ। ਔਰਤਾਂ ਨੂੰ ਇਨ੍ਹਾਂ ਸੇਵਾਵਾਂ ਤੋਂ ਕਿਸੇ ਨੇ ਹਟਾਇਆ ਨਹੀਂ ਸੀ, ਸਗੋਂ ਬੁਰਛਾਗਰਦੀ ਦੇ ਦਿਨਾਂ ਵਿਚ ਉਹ ਖੁਦ ਪਿਛੇ ਹੱਟ ਗਈਆਂ ਸਨ। ਮਹੰਤ ਇਸਦਾ ਉਤਰ ਇਹ ਦਿਆ ਕਰਦੇ ਸਨ ਕਿ ਔਰਤਾਂ ਬਹੁਤ ਪਵਿੱਤਰ ਰਸਮਾਂ ਨਿਭਾਉਣ ਦੀਆਂ ਕਿਉਂਕਿ ਹੱਕਦਾਰ ਨਹੀਂ ਹਨ ਇਸ ਕਰਕੇ ਉਨ੍ਹਾਂ ਨੂੰ ਮਨ੍ਹਾ ਕਰ ਦਿੱਤਾ ਗਿਆ ਹੈ। ਜਦੋਂ ਗੁਰਦੁਆਰਾ ਸੁਧਾਰ ਲਹਿਰ ਚੱਲੀ ਤਦ ਮਹੰਤਾਂ ਨੂੰ ਕੱਢ ਦਿੱਤਾ ਗਿਆ। ਪ੍ਰੰਤੂ ਕਈ ਪਰੰਪਰਾਵਾਂ ਸਮਾਂ ਪਾ ਕੇ ਇੰਨੀਆਂ ਰੂੜ੍ਹ ਹੋ ਜਾਂਦੀਆਂ ਹਨ ਕਿ ਉਨ੍ਹਾਂ ਦੇ ਕਾਰਨਾ ਦਾ ਪਤਾ ਨਹੀਂ ਹੁੰਦਾ ਪਰ ਉਹ ਚੱਲਦੀਆਂ ਰਹਿੰਦੀਆਂ ਹਨ। ਪਹਿਲੋਂ ਤਾਂ ਇਸ ਪਰੰਪਰਾ ਦੇ ਰੂਪ ਵਿਚ, ਮਹੰਤ ਦਰਬਾਰ ਸਾਹਿਬ ਵਿਚ ਬਦਸਤੂਰ ਜਿਉਂਦਾ ਜਾਗਦਾ ਕਾਇਮ ਰਿਹਾ, ਹੁਣ ਕੁਝ ਜਥੇਦਾਰਾਂ, ਗ੍ਰੰਥੀਆਂ, ਪੁਜਾਰੀਆਂ ਦੇ ਰੂਪ ਵਿਚ ਫਿਰ ਸਾਕਾਰ ਹੋ ਗਿਆ ਹੈ। ਜਦੋਂ ਦਰਬਾਰ ਸਾਹਿਬ ਵਿਚੋਂ ਮਹੰਤਾਂ ਨੂੰ ਕੱਢ ਕੇ ਅਕਾਲੀ ਮਸਤੂਆਣੇ ਆ ਕੇ ਸੰਤ ਅਤਰ ਸਿੰਘ ਨੂੰ ਮਿਲੇ ਤੇ ਸ਼ੁਕਰਾਨੇ ਦੀ ਅਰਦਾਸ ਕਰਨ ਲਈ ਕਿਹਾ ਤਾਂ ਸੰਤ ਜੀ ਬੋਲੇ, "ਭਾਈਓ ਮਹੰਤਾਂ ਨੂੰ ਮੈਂ ਫਿਰ ਵੀ ਚੰਗੇ ਹੀ ਕਹਾਂਗਾ ਜੋ ਤੁਹਾਡੇ ਕਹਿਣ 'ਤੇ ਨਿਕਲ ਗਏ ਗੁਰਦੁਆਰਿਆਂ ਵਿਚੋਂ। ਤੁਹਾਨੂੰ ਗੁਰਦੁਆਰਿਆਂ ਵਿਚੋਂ ਕੱਢਣ ਵਿਚ ਸਿੱਖਾਂ ਨੂੰ ਬਹੁਤ ਵਧੀਕ ਮੁਸ਼ਕਲਾਂ ਸਹਿਣੀਆਂ ਪੈਣਗੀਆਂ।"

ਦੇਰ ਰਾਤ ਅਤੇ ਸਵੱਖਤੇ ਅੰਮ੍ਰਿਤ ਵੇਲੇ ਦਰਬਾਰ ਸਾਹਿਬ ਵਿਚ ਨਿਭਾਈ ਜਾਂਦੀ ਸੇਵਾ ਦੌਰਾਨ ਕਈ ਉਦਾਸ ਵਾਰਦਾਤਾਂ ਹੋਈਆਂ। ਅਮਰੀਕਾ ਤੋਂ ਆਈ ਇਕ ਬੀਬੀ ਇਸ ਰਸਮ ਵਿਚ ਇਸ ਕਰਕੇ ਸ਼ਾਮਿਲ ਹੋ ਗਈ ਸੀ ਕਿਉਂਕਿ ਉਸਨੂੰ ਪਤਾ ਨਹੀਂ ਸੀ ਕਿ ਇਸਤਰੀਆਂ ਲਈ ਇਹ ਵਰਜਿਤ ਰਸਮ ਹੈ। ਇਕ ਗੁਰਮੁਖ ਪਿਆਰੇ ਨੇ ਉਸਨੂੰ ਅਜਿਹਾ ਧੱਕਾ ਮਾਰਿਆ ਕਿ ਸੰਗਮਰਮਰ ਦੇ ਫਰਸ਼ ਉਪਰ ਡਿੱਗ ਕੇ ਉਸਦਾ ਚੂਲ੍ਹਾ ਟੁੱਟ ਗਿਆ। ਲੋਕ ਅਤੇ ਪ੍ਰਲੋਕ ਸੁਹੇਲੇ ਕਰਨ ਗਿਆਂ ਨੂੰ ਅਜਿਹਾ ਇਨਾਮ ਮਿਲ ਸਕਦਾ ਹੈ, ਜਿਸ ਦਾ ਕਈਆਂ ਨੂੰ ਪਤਾ ਨਹੀਂ। ਧਰਮ ਸਥਾਨ, ਜਿੱਥੇ ਨਿਮਰਤਾ, ਮਿਠਾਸ, ਦਇਆ, ਪ੍ਰੇਮ ਅਤੇ ਸਦਭਾਵਨਾ ਦਾ ਮੰਗਲਮਈ ਕਲਿਆਣਕਾਰੀ ਮਾਹੌਲ ਹੋਣਾ ਚਾਹੀਦਾ ਹੈ, ਉਥੇ ਇਹੋ ਜਿਹੇ ਜਾਹਲ, ਬੁਜ਼ਦਿਲ ਅਤੇ ਖਰਦਿਮਾਗ ਬੰਦੇ ਪਵਿੱਤਰ ਸੇਵਾ ਨਿਭਾਉਣ ਲੱਗੇ ਹੋਏ ਹਨ ਕਿਉਂਕਿ ਉਹ ਮਰਦ ਜਾਤ ਵਿਚੋਂ ਹਨ। ਉਨ੍ਹਾਂ ਨੂੰ ਨਾ ਕੋਈ ਰੋਕਦਾ ਹੈ, ਨਾ ਰੋਕੇਗਾ। ਇਸਤਰੀਆਂ ਨੂੰ ਰੋਕਿਆ ਜਾਣਾ ਬਹੁਤ ਜ਼ਰੂਰੀ ਹੈ ਕਿਉਂਕਿ ਉਨ੍ਹਾਂ ਸਦਕਾ ਮਰਿਯਾਦਾ ਭੰਗ ਹੋ ਜਾਂਦੀ ਹੈ। ਪ੍ਰੋਫੈਸਰ ਜ਼ੈਦੀ ਨਾਲ ਕੱਲ੍ਹ ਇਹ ਗੱਲਾਂ ਹੋ ਰਹੀਆਂ ਸਨ ਤਦ ਉਨ੍ਹਾਂ ਨੇ ਦੱਸਿਆ ਕਿ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਵਕਤ ਔਰਤਾਂ ਮਸਜਿਦ ਵਿਚ ਨਮਾਜ਼ ਅਦਾ ਕਰਿਆ ਕਰਦੀਆਂ ਸਨ। ਪੈਗੰਬਰ ਤੋਂ ਪਿਛੋਂ ਮੌਲਵੀਆਂ ਨੇ ਪਾਬੰਦੀ ਲਗਾ ਦਿੱਤੀ ਜੋ ਹੁਣ ਤਕ ਜਾਰੀ ਹੈ। ਆਦਮੀ ਆਪਣੇ ਆਪ ਤੋਂ ਡਰਿਆ ਹੋਇਆ ਹੈ। ਉਸਨੂੰ ਖੁਦ ਦੇ ਇਖਲਾਕ ਉਪਰ ਭਰੋਸਾ ਨਹੀਂ ਉਹ ਨਹੀਂ ਜਾਣਦਾ ਕਿ ਔਰਤ ਦੀ ਹਾਜ਼ਰੀ ਵਿਚ ਉਹ ਸੰਤੁਲਨ ਕਾਇਮ ਰੱਖ ਸਕੇਗਾ ਕਿ ਨਹੀਂ। ਸੋ ਔਰਤਾਂ ਦੀ ਹਾਜ਼ਰੀ ਉਪਰ ਪਾਬੰਦੀ ਆਇਦ ਕਰ ਦਿੱਤੀ ਗਈ। ਇਹ ਠੀਕ ਕੀਤਾ। ਜੇ ਘੋੜ ਸਵਾਰੀ ਕਰਨੀ ਨਾ ਆਉਂਦੀ ਹੋਵੇ ਤਦ ਘੋੜਾ ਮਾਰ ਦੇਣਾ ਚਾਹੀਦਾ ਹੈ।

ਪਿਛਲੇ ਇਕ ਦਹਾਕੇ ਵਿਚ ਪੰਜ ਚਾਰ ਵਾਰ ਇਹ ਯਤਨ ਹੋਇਆ ਹੈ ਕਿ ਬੀਬੀਆਂ ਨੂੰ ਵੀ ਹਰ ਸੇਵਾ ਵਿਚ ਸ਼ਾਮਿਲ ਕਰਨਾ ਚਾਹੀਦਾ ਹੈ। ਉਸੇ ਵਕਤ ਪੁਜਾਰੀ ਸ਼੍ਰੇਣੀ ਪੂਰੇ ਗੁੱਸੇ ਵਿਚ ਇਹ ਐਲਾਨ ਕਰਦੀ ਹੈ, "ਔਰਤਾਂ ਨੂੰ ਕਿਉਂਕਿ ਮਾਸਿਕ-ਧਰਮ ਆਉਂਦਾ ਹੈ ਇਸ

